StartingBlocks.gov.au

ਨੈਸ਼ਨਲ ਕੁਆਲਟੀ ਫਰੇਮਵਰਕ – ਇਹ ਮੇਰੀ ਕਿਸ ਤਰ੍ਹਾਂ ਮਦਦ ਕਰ ਸਕਦਾ ਹੈ

ਤੱਥ: ਖੋਜ ਦਸਦੀ ਹੈ ਕਿ ਸ਼ੁਰੂ ਵਿੱਚ ਹੀ ਗੁਣਵਤਾ ਭਰਪੂਰ ਆਰੰਭਿਕ ਸਿੱਖਿਆ ਅਤੇ ਸੰਭਾਲ ਦਾ ਸਿੱਟਾ ਜੀਵਨ ਵਿੱਚ ਬਾਅਦ ਵਿੱਚ ਜਾਕੇ ਬਿਹਤਰ ਸਿਹਤ, ਸਿੱਖਿਆ ਅਤੇ ਰੁਜ਼ਗਾਰ ਦੇ ਰੂਪ ਵਿੱਚ ਨਿਕਲਦਾ ਹੈ।

ਨੈਸ਼ਨਲ ਕੁਆਲਟੀ ਫਰੇਮਵਰਕ

ਨੈਸ਼ਨਲ ਕੁਆਲਟੀ ਫਰੇਮਵਰਕ ਨਵੀਂ, ਕੌਮੀ ਪ੍ਰਣਾਲੀ ਹੈ ਜੋ ਬੱਚਿਆਂ ਦੀ ਸਿੱਖਿਆ ਅਤੇ ਸੰਭਾਲ ਸੇਵਾਵਾਂ ਵਾਸਤੇ ਮਿਆਰਾਂ ਨੂੰ ਤੈਅ ਕਰਦੀ ਹੈ।

ਇਸਨੂੰ ਸਾਰੇ ਆਸਟਰੇਲੀਆ ਵਿੱਚ ਬੱਚਿਆਂ ਦੀ ਸਿੱਖਿਆ ਅਤੇ ਸੰਭਾਲ ਦੀ ਗੁਣਵਤਾ ਵਿੱਚ ਸੁਧਾਰ ਕਰਨ ਲਈ ਬਣਾਇਆ ਗਿਆ ਹੈ। ਖੋਜ ਦਸਦੀ ਹੈ ਕਿ ਸ਼ੁਰੂ ਵਿੱਚ ਹੀ ਗੁਣਵਤਾ ਭਰਪੂਰ ਆਰੰਭਿਕ ਸਿੱਖਿਆ ਅਤੇ ਸੰਭਾਲ ਦਾ ਸਿੱਟਾ ਜੀਵਨ ਵਿੱਚ ਬਾਅਦ ਵਿੱਚ ਜਾਕੇ ਬਿਹਤਰ ਸਿਹਤ, ਸਿੱਖਿਆ ਅਤੇ ਰੁਜ਼ਗਾਰ ਸਬੰਧੀ ਸਿੱਟਿਆਂ ਦੇ ਰੂਪ ਵਿੱਚ ਨਿਕਲਦਾ ਹੈ। ਇਹ ਸਾਨੂੰ ਇੱਕ ਫਲਦਾਇਕ ਅਤੇ ਨਿਆਂ-ਉਚਿਤ ਆਸਟਰੇਲੀਆ ਬਣਾਉਣ ਵਿੱਚ ਮਦਦ ਕਰਦਾ ਹੈ।

ਨੈਸ਼ਨਲ ਕੁਆਲਟੀ ਫਰੇਮਵਰਕ ਵਿੱਚ ਉਹ ਕਨੂੰਨੀ ਲੋੜਾਂ ਸ਼ਾਮਲ ਹਨ ਜਿੰਨ੍ਹਾਂ ਦੀ ਤਾਮੀਲ ਕਰਨੀ ਸਾਰੀਆਂ ਸੇਵਾਵਾਂ ਵਾਸਤੇ ਲਾਜ਼ਮੀ ਹੈ। ਇਹਨਾਂ ਵਿੱਚ ਨਿਮਨਲਿਖਤ ਵਾਸਤੇ ਲੋੜਾਂ ਸ਼ਾਮਲ ਹਨ:

- ਅਮਲੇ ਦੀ ਗਿਣਤੀ ਅਤੇ ਉਹਨਾਂ ਦੀਆਂ ਯੋਗਤਾਵਾਂ
- ਬੱਚਿਆਂ ਦੀ ਸਿਹਤ ਅਤੇ ਸਲਾਮਤੀ ਨੂੰ ਯਕੀਨੀ ਬਣਾਉਣਾ
- ਸੇਵਾ ਵਿੱਚ ਜਗਹ ਦੀ ਮਾਤਰਾ ਅਤੇ ਇਸਨੂੰ ਕਿਵੇਂ ਸਥਾਪਤ ਕੀਤਾ ਜਾਂਦਾ ਹੈ
- ਬੱਚਿਆਂ ਵਾਸਤੇ ਵਿਕਾਸ ਸਬੰਧੀ ਅਤੇ ਸਿੱਖਣ ਦੇ ਤਜ਼ਰਬਿਆਂ ਦੀ ਗੁਣਵਤਾ

ਕਿਹੜੀਆਂ ਸੇਵਾਵਾਂ ਨੂੰ ਸ਼ਾਮਲ ਕੀਤਾ ਜਾਂਦਾ ਹੈ?

- ਲੰਬੀ ਦੈਨਿਕ ਸੰਭਾਲ (Long day care)
- ਪਰਿਵਾਰਕ ਦੈਨਿਕ ਸੰਭਾਲ (Family day care)
- ਪ੍ਰੀਸਕੂਲ/ਕਿੰਡਰਗਾਰਟਨ (ਤਸਮਾਨੀਆ ਅਤੇ WA ਤੋਂ ਇਲਾਵਾ)
- ਸਕੂਲ ਦੇ ਸਮੇ ਤੋਂ ਅੱਗੇ-ਪਿੱਛੇ ਦੀ ਸੰਭਾਲ (Outside school hours care)

ਕਨੂੰਨੀ ਲੋੜਾਂ ਤੈਅ ਕਰਨ ਦੇ ਨਾਲ-ਨਾਲ, ਨੈਸ਼ਨਲ ਕੁਆਲਟੀ ਫਰੇਮਵਰਕ ਵਿੱਚ ਇਕ ਗੁਣਵਤਾ ਦਰਜਾ ਪ੍ਰਣਾਲੀ ਵੀ ਸ਼ਾਮਲ ਹੈ: ਦਾ ਨੈਸ਼ਨਲ ਕੁਆਲਟੀ ਸਟੈਂਡਰਡ।

ਨੈਸ਼ਨਲ ਕੁਆਲਟੀ ਸਟੈਂਡਰਡ

ਨੈਸ਼ਨਲ ਕੁਆਲਟੀ ਸਟੈਂਡਰਡ (National Quality Standard) ਨੂੰ ਸੇਵਾਵਾਂ ਦੀ ਵਰਤੋਂ ਗੁਣਵਤਾ ਸਬੰਧੀ ਦਰਜਾ ਦੇਣ ਲਈ ਕੀਤੀ ਜਾਂਦੀ ਹੈ, ਜੋ ਉੱਚਾ ਮਿਆਰ ਤੈਅ ਕਰਨ ਦੁਆਰਾ ਸੇਵਾਵਾਂ ਦੀ ਗੁਣਵਤਾ ਨੂੰ ਉੱਚਾ ਚੁੱਕਣ ਵਿੱਚ ਮਦਦ ਕਰਦਾ ਹੈ।

ਇਹ ਪਰਿਵਾਰਾਂ ਨੂੰ ਬਿਹਤਰ ਜਾਣਕਾਰੀ ਦਿੰਦਾ ਹੈ, ਤਾਂ ਜੋ ਸੇਵਾਵਾਂ ਦੀ ਤੁਲਨਾ ਕਰਨ ਅਤੇ ਉਹਨਾਂ ਦੇ ਬੱਚੇ ਵਾਸਤੇ ਸਭ ਤੋਂ ਵਧੀਆ ਚੋਣਾਂ ਕਰਨ ਵਿੱਚ ਉਹਨਾਂ ਦੀ ਮਦਦ ਕੀਤੀ ਜਾ ਸਕੇ।

ਇਹ ਰੇਟਿੰਗ ਕਿਹੜੇ ਖੇਤਰਾਂ ਨੂੰ ਕਵਰ ਕਰਦੀ ਹੈ?

+ ਸਿੱਖਿਆ ਸਬੰਧੀ ਪ੍ਰੋਗਰਾਮ ਅਤੇ ਪ੍ਰੈਕਟਿਸ – ਖੇਡ ਅਤੇ ਸਿੱਖਣ ਵਿੱਚ ਭਾਗ ਲੈਣ ਲਈ ਤੁਹਾਡੇ ਬੱਚੇ ਦੀ ਸਹਾਇਤਾ ਕੀਤੀ ਜਾਂਦੀ ਹੈ
+ ਬੱਚਿਆਂ ਦੀ ਸਿਹਤ ਅਤੇ ਸਲਾਮਤੀ – ਤੁਹਾਡੇ ਬੱਚੇ ਦੀ ਬਿਮਾਰੀ ਅਤੇ ਜੋਖਮ ਤੋਂ ਰੱਖਿਆ ਕੀਤੀ ਜਾਂਦੀ ਹੈ
+ ਭੌਤਿਕ ਵਾਤਾਵਰਣ – ਤੁਹਾਡਾ ਬੱਚਾ ਸਲਾਮਤ ਅਤੇ ਚੰਗੀ ਤਰ੍ਹਾਂ ਸਾਂਭ-ਸੰਭਾਲ ਕੀਤੇ ਵਾਤਾਵਰਣ ਵਿੱਚ ਖੇਡਦਾ ਹੈ
+ ਕਰਮਚਾਰੀ ਰੱਖਣ ਦੇ ਪ੍ਰਬੰਧਨ – ਤੁਹਾਡੇ ਬੱਚੇ ਨੂੰ ਲੋੜੀਂਦਾ ਧਿਆਨ ਦੇਣ ਵਾਸਤੇ ਕਾਫੀ ਸੰਖਿਆ ਵਿੱਚ ਯੋਗਤਾ ਪ੍ਰਾਪਤ ਕਰਮਚਾਰੀ ਹਨ
+ ਬੱਚਿਆਂ ਦੇ ਨਾਲ ਰਿਸ਼ਤੇ – ਤੁਹਾਡੇ ਬੱਚੇ ਨੂੰ ਸਹਾਇਤਾ ਅਤੇ ਸਵਾਗਤ ਕੀਤੇ ਜਾਣ ਦਾ ਅਹਿਸਾਸ ਕਰਾਇਆ ਜਾਂਦਾ ਹੈ
+ ਪਰਿਵਾਰਾਂ ਅਤੇ ਭਾਈਚਾਰਿਆਂ ਨਾਲ ਸਹਿਯੋਗੀ ਭਾਈਵਾਲੀ – ਸਥਾਨਕ ਭਾਈਚਾਰੇ ਦੀ ਭਾਗੀਦਾਰੀ ਅਤੇ ਆਦਰ ਅਤੇ ਸਾਰੇ ਮੱਤਾਂ ਅਤੇ ਕਦਰਾਂ-ਕੀਮਤਾਂ ਦੀ ਸ਼ਮੂਲੀਅਤ
+ ਵਿਹਾਰ ਅਤੇ ਅਗਵਾਈ – ਤੁਹਾਡੇ ਬੱਚੇ ਦੀ ਇੱਕ ਸਕਾਰਤਮਕ ਅਤੇ ਚੰਗੇ ਦੇਖ-ਭਾਲ ਕਰਨ ਵਾਲੇ ਵਾਤਾਵਰਣ ਵਿੱਚ ਸੰਭਾਲ ਕੀਤੀ ਜਾਂਦੀ ਹੈ

ਸੇਵਾਵਾਂ ਗੁਣਵਤਾ ਭਰਪੂਰ ਰੇਟਿੰਗ ਕਿਵੇਂ ਪ੍ਰਾਪਤ ਕਰਦੀਆਂ ਹਨ?

ਮੁਲਾਂਕਣ ਕਰਨਵਾਲੇ ਹਰ ਸੇਵਾ ਵਿਖੇ ਜਾਂਦੇ ਹਨ, ਤਾਂ ਜੋ ਨੈਸ਼ਨਲ ਕੁਆਲਟੀ ਸਟੈਂਡਰਡ ਦੇ ਸੱਤ ਗੁਣਵਤਾ ਖੇਤਰਾਂ ਦੇ ਮੱਦੇ ਨਜ਼ਰ ਇਸਨੂੰ ਦਰਜਾ ਦਿੱਤਾ ਜਾ ਸਕੇ। ਗੁਣਵਤਾ ਖੇਤਰ ਉਹਨਾਂ ਮਿਆਰਾਂ ਅਤੇ ਅੰਸ਼ਾਂ ਤੋਂ ਮਿਲਕੇ ਬਣਦੇ ਹਨ ਜੋ ਵਰਣਨ ਕਰਦੇ ਹਨ ਕਿ ਜੋ ਕੁਝ ਖੋਜ ਦਿਖਾਉਂਦੀ ਹੈ ਉਹ ਗੁਣਵਤਾ ਭਰਪੂਰ ਆਰੰਭਿਕ ਸਿੱਖਿਆ ਅਤੇ ਸੰਭਾਲ ਸੇਵਾ ਦੇ ਸਭ ਤੋਂ ਅਹਿਮ ਭਾਗ ਹਨ।

ਸੇਵਾਵਾਂ ਸੱਤ ਗੁਣਵਤਾ ਖੇਤਰਾਂ ਵਿੱਚੋਂ ਹਰੇਕ ਵਾਸਤੇ ਰੇਟਿੰਗ, ਅਤੇ ਨਾਲ ਹੀ ਨਾਲ ਸਮੁੱਚੀ ਰੇਟਿੰਗ ਪ੍ਰਾਪਤ ਕਰਦੀਆਂ ਹਨ।

ਜ਼ਿਆਦਾਤਰ ਸੇਵਾਵਾਂ ਨੂੰ ਰੇਟਿੰਗ ਕਿਵੇਂ ਦਿੱਤੀ ਜਾਂਦੀ ਹੈ?

ਜ਼ਿਆਦਾਤਰ ਸੇਵਾਵਾਂ ਨਿਮਨਲਿਖਤ ਵਿੱਚੋਂ ਕੋਈ ਇਕ ਰੇਟਿੰਗ ਪ੍ਰਾਪਤ ਕਰਨਗੀਆਂ:

- Working towards (ਵਾਸਤੇ ਕਾਰਜਸ਼ੀਲ ਹੈ)
- Meeting (ਪੂਰਤੀ ਕਰ ਰਹੀ ਹੈ)
- Exceeding (ਵਧਕੇ ਪ੍ਰਦਰਸ਼ਨ ਕਰ ਰਹੀ ਹੈ)

ਸੇਵਾਵਾਂ ਜੋ ਸਾਰੇ 7 ਗੁਣਵੱਤਾ ਖੇਤਰਾਂ ਵਿੱਚ ਹੱਦ ਤੋਂ ਜ਼ਿਆਦਾ ਵਾਲਾ ਦਰਜਾ ਪ੍ਰਾਪਤ ਕਰਦੀਆਂ ਹਨ, ਸ਼ਾਨਦਾਰ ਦਰਜੇ ਵਾਸਤੇ ਅਰਜ਼ੀ ਦੇ ਸਕਦੀਆਂ ਹਨ। ਜੇ ਕਿਸੇ ਸੇਵਾ ਦਾ ਮੁਲਾਂਕਣ ਕੀਤਾ ਜਾਂਦਾ ਹੈ ਅਤੇ ਤਾਮੀਲ ਸਬੰਧੀ ਗੰਭੀਰ ਮਸਲੇ ਪਾਏ ਜਾਂਦੇ ਹਨ, ਤਾਂ ਇਸਨੂੰ Significant Improvement Required (ਜਿਕਰਯੋਗ ਸੁਧਾਰ ਦੀ ਲੋੜ ਹੈ) ਦੀ ਰੇਟਿੰਗ ਦਿੱਤੀ ਜਾਂਦੀ ਹੈ। ਇਸ ਪ੍ਰਸਥਿਤੀ ਵਿੱਚ, ਰੈਗੂਲੇਟਰ ਇਹ ਯਕੀਨੀ ਬਣਾਉਣ ਲਈ ਦੰਡਾਂ ਦੀ ਵਰਤੋਂ ਕਰਦਾ ਹੈ ਕਿ ਸੇਵਾ ਸੁਧਾਰ ਕਰੇ, ਜਾਂ ਫਿਰ ਇਹ ਸੇਵਾ ਨੂੰ ਕਾਰਜ ਕਰਨ ਤੋਂ ਰੋਕ ਦੇਵੇ।

ਜੇ ਤੁਹਾਡੀ ਸੇਵਾ ਨੂੰ ਕੋਈ ਰੇਟਿੰਗ ਮਿਲੀ ਹੈ, ਤਾਂ ਉਹਨਾਂ ਵਾਸਤੇ ਇਸਨੂੰ ਸੇਵਾ ਵਿਖੇ ਪ੍ਰਦਰਸ਼ਿਤ ਕਰਨਾ ਲਾਜ਼ਮੀ ਹੈ। ਤੁਸੀਂ ਆਪਣੀ ਸੇਵਾ ਨੂੰ ਇਸ ਬਾਰੇ ਵਧੇਰੇ ਜਾਣਕਾਰੀ ਵਾਸਤੇ ਵੀ ਪੁੱਛ ਸਕਦੇ ਹੋ ਕਿ ਨੈਸ਼ਨਲ ਕੁਆਲਟੀ ਸਟੈਂਡਰਡ ਦੇ ਮੱਦੇ ਨਜ਼ਰ ਉਹਨਾਂ ਦਾ ਮੁਲਾਂਕਣ ਕਿਵੇਂ ਕੀਤਾ ਗਿਆ ਸੀ ਜਾਂ ਫਿਰ ਸੇਵਾ ਦੀ ਰੇਟਿੰਗ ਤੱਕ ਆਨਲਾਈਨ ਪਹੁੰਚ ਲਈ www.startingblocks.gov.au/findchildcare ਦੇਖੋ।